aglasem.com

FOR PUNJAB CLASS 10 PREPARATION

PSEB 10th Class Syllabus 2027 Music (Tabla)

EXAM	YEAR	TYPE	SUBJECT
Punjab Class 10	2027	Syllabus	Music

ਸਾਲ: 2026-27

ਸੰਗੀਤ-ਤਬਲਾ

ਸ਼੍ਰੇਣੀ - ਦਸਵੀਂ

ਪਾਠਕ੍ਰਮ (ਲਿਖਤੀ)

ਭਾਗ - ੳ

ਹੇਠ ਲਿਖਿਆਂ ਦੀਆਂ ਪਰਿਭਾਸ਼ਾਵਾਂ

(ੳ) ਸਮ (ਵਿਸ਼ਮ ਗ੍ਰਹਿ, ਅਤੀਤ ਗ੍ਰਹਿ, ਅਨਾਗਤ ਗ੍ਰਹਿ) ਕਾਇਦਾ, ਪਲਟਾ, ਨਗਮਾ, ਉਠਾਣ ।

(ਅ) ਤਬਲਾ ਸਾਜ ਮਿਲਾਉਣ ਦੇ ਨਿਯਮ

(ੲ) ਤਬਲੇ ਅਤੇ ਪਖ਼ਾਵਜ ਦਾ ਸੰਖੇਪ ਇਤਿਹਾਸ

(ਸ) 1. ਸੰਗੀਤ ਵਿੱਚ ਲੈਅ ਦਾ ਮਹੱਤਵ (2) ਤਾਲ ਦਾ ਗਾਇਨ, ਵਾਦਨ ਅਤੇ ਨਰਿੱਤ ਨਾਲ਼ ਤੁਲਨਾ

(ਹ) ਵਿਸ਼ਣੂ ਦਿਗੰਬਰ ਪਲੁਸਕਰ ਤਾਲ ਲਿੱਪੀ ਪੱਧਤੀ ਦੀ ਭਾਤਖੰਡੇ ਤਾਲ ਲਿੱਪੀ ਪੱਧਤੀ ਨਾਲ਼ ਤੁਲਨਾ

ਜੀਵਨੀਆਂ:

1. ਉਸਤਾਦ ਮੀਆਂ ਕਾਦਰ ਬਖਸ਼ 2. ਉਸਤਾਦ ਬਹਾਦਰ ਸਿੰਘ

ਭਾਗ - ਅ

1. ਨਿਰਧਾਰਤ ਤਾਲਾਂ (ਤਿੰਨਤਾਲ, ਝੱਪਤਾਲ, ਇੱਕਤਾਲ) ਦੀ ਪਛਾਣ।
2. ਨਿਰਧਾਰਤ ਤਾਲਾਂ ਦੀ ਇੱਕ ਗੁਣ ਅਤੇ ਦੁੱਗਣ ਸਹਿਤ ਤਾਲ ਲਿੱਪੀ ਲਿਖਣਾ।
3. ਪਾਠਕ੍ਰਮ ਦੀਆਂ ਤਾਲਾਂ ਨੂੰ ਉਠਾਣ, ਕਾਇਦੇ, ਪਲਟੇ, ਤਿਹਾਈਆਂ ਅਤੇ ਟੁਕੜਿਆਂ ਸਹਿਤ ਲਿੱਪੀ ਬੱਧ ਕਰਨਾ

ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਪ੍ਰਯੋਗੀ)

ਨੋਟ:-ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ । ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ । ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਤੇ ਪਾਠਕ੍ਰਮ ਦਾ ਧਿਆਨ ਰੱਖਣ ਦੇ ਨਾਲ਼ ਨਾਲ਼ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ।

1. ਪਾਠਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੇ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ।
2. ਪਾਠਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ।
3. ਪਾਠਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠਕ੍ਰਮ ਦੇ ਰਾਗਾਂ ਦੀ ਜਾਣ ਪਛਾਣ ਕਰਨੀ। ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।

ਪਾਠਕ੍ਰਮ ਤਬਲਾ (ਪ੍ਰਯੋਗੀ)

1. ਤਿੰਨਤਾਲ, ਝੱਪਤਾਲ, ਇੱਕਤਾਲ ਨੂੰ ਇੱਕ ਗੁਣ ਅਤੇ ਦੁੱਗਣ ਸਹਿਤ ਵਜਾਉਣ।
2. ਪਾਠਕ੍ਰਮ ਦੇ ਤਾਲਾਂ ਵਿੱਚ ਇੱਕ ਉਠਾਣ, ਦੋ ਕਾਇਦੇ ਪਲਟਿਆਂ ਅਤੇ ਤਿਹਾਈਆਂ ਸਮੇਤ, ਦੋ ਟੁਕੜੇ, ਇੱਕ ਪਰਨ ਦਾ ਵਾਦਨ ।
3. ਝੱਪਤਾਲ, ਇੱਕਤਾਲ ਅਤੇ ਤਿੰਨਤਾਲ ਦਾ ਵਿਲੰਬਤ ਲੈਅ ਵਿੱਚ ਵਾਦਨ ।
4. ਪਾਠਕ੍ਰਮ ਦੇ ਤਾਲਾਂ ਦੀ ਹੱਥ ਨਾਲ ਤਾਲੀ ਦੇ ਕੇ ਕਾਇਦਿਆਂ, ਪਲਟਿਆਂ ਅਤੇ ਤਿਹਾਈਆਂ ਸਹਿਤ ਪੜ੍ਹੰਤ।
5. ਉਪਰੋਕਤ ਤਾਲਾਂ ਦੀ ਗਾਇਨ ਵਾਦਨ ਨਾਲ ਸੰਗਤ।